# ਭਗਤ ਨਾਮਦੇਵ - ਸਬਦ ੨੮

## ਭੈਰਉ ਭੂਤ ਸੀਤਲਾ ਧਾਵੈ ॥

### ਰਾਗੁ ਗੋਂਡ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੮੭੪

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵ ਨਿ ਦੈਹਉ ॥੧॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

ਸਾਰ: ਡਰ ਅਤੇ ਉਮੀਦਾਂ 'ਤੇ ਨਿਰਭਰ ਰਹਿਣਾ ਸਾਨੂੰ ਆਪਣੇ ਅਸਲ ਸਰੂਪ ਤੋਂ ਦੂਰ ਲੈ ਜਾਂਦਾ ਹੈ ਅਤੇ ਇਹ ਨਿਰਭਰਤਾ, ਬੇਚੈਨੀ ਅਤੇ ਅੰਤਰੀਵੀ ਹਫੜਾ-ਦਫੜੀ ਵੀ ਪੈਦਾ ਕਰਦੀ ਹੈ। ਹੋਰਨਾਂ ਦਾ ਦਬਾਅ ਅਤੇ ਸਾਡੇ ਡਰ ਅਕਸਰ ਅੰਤਰੀਵੀ ਸੂਝ ਨਾਲ ਮੇਲ ਨਹੀਂ ਖਾਂਦੇ। ਜਦੋਂ ਅਸੀਂ ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਪਸ਼ਟਤਾ ਦੀ ਥਾਂ ਉਲਝਣ ਪੈਦਾ ਹੁੰਦੀ ਹੈ, ਜਿਵੇਂ ਸਾਫ਼ ਰੌਸ਼ਨੀ ਦੀ ਥਾਂ ਬਦਲਦੇ ਪਰਛਾਂਵਿਆਂ ਦੀ ਨਿਸ਼ਾਨਦੇਹੀ ਕਰਨੀ ਔਖੀ ਹੁੰਦੀ ਹੈ। ਜਦੋਂ ਇਸ ਤਰ੍ਹਾਂ ਜੀਵਨ ਬਤੀਤ ਹੁੰਦਾ ਹੈ ਤਾਂ ਅਸੀਂ ਬਾਹਰੀ ਸ਼ੋਰ-ਸ਼ਰਾਬੇ ਪ੍ਰਤੀ ਸੂਝਮਈ ਚਿੰਤਨ ਕਰਨ ਦੀ ਥਾਂ ਪ੍ਰਤੀਕਿਰਿਆ ਕਰਦੇ ਰਹਿੰਦੇ ਹਾਂ। ਸਪਸ਼ਟਤਾ ਤਦੋਂ ਆਉਂਦੀ ਹੈ ਜਦੋਂ ਅਸੀਂ ਸਮਝ ਲੈਂਦੇ ਹਾਂ ਕਿ ਇਹ ਦਬਾਅ ਅਤੇ ਡਰ ਸਾਡੀ ਹੋਂਦ ਦੀ ਬੁਨਿਆਦ ਦੀ ਥਾਂ ਕੇਵਲ ਅਸਥਾਈ ਵਿਚਾਰ ਹਨ।

ਭੈਰਉ ਭੂਤ ਸੀਤਲਾ ਧਾਵੈ ॥

ਉਹ ਜੋ ਭੈਰਵ ਦੀ ਭਾਲ ਵਿਚ ਭਟਕਦੇ ਸਨ, ਜੋ ਸੁਰੱਖਿਆ ਦੀ ਸ਼ਕਤੀ ਨੂੰ ਦਰਸਾਉਂਦਾ ਹੈ; ਭੂਤ, ਜੋ ਕਿ ਅਣਦੇਖੀਆਂ ਤਾਕਤਾਂ ਦਾ ਪ੍ਰਤੀਕ ਹੈ; ਅਤੇ ਸੀਤਲਾ, ਜੋ ਰੋਗ ਨਿਵਰਤ ਕਰਨ ਵਾਲੀ ਦੇਵੀ ਦਾ ਰੂਪ ਹੈ। ਇਹ ਭਾਵ ਇਕ ਡਰੇ ਹੋਏ ਮਨ ਦੀ ਸਥਿਤੀ ਨੂੰ ਬਿਆਨ ਕਰਦਾ ਹੈ ਜਿਹੜਾ ਸੁਰੱਖਿਆ ਲਈ ਅੰਤਰੀਵੀ ਸਮਰਥਾ ਅਤੇ ਧੀਰਜ ਦੀ ਥਾਂ ਬਾਹਰੀ ਚਿੰਨ੍ਹਾਂ ਉਪਰ ਆਸ ਰੱਖਦਾ ਹੈ।

ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥

ਗਧੇ 'ਤੇ ਸਵਾਰ ਹੋ ਕੇ ਸਿਰਫ਼ ਮਿੱਟੀ ਉਡਾਉਣੀ। ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਆਲੋਚਨਾਤਮਕ ਸੋਚ ਤੋਂ ਬਿਨਾਂ ਵਿਸ਼ਵਾਸ ਗਲਤ ਉਮੀਦਾਂ ਪੈਦਾ ਕਰਦੇ ਹਨ ਅਤੇ ਸਪਸ਼ਟਤਾ ਦੀ ਬਜਾਏ ਹਫੜਾ-ਦਫੜੀ ਨੂੰ ਜਨਮ ਦਿੰਦੇ ਹਨ। (੧)

ਹਉ ਤਉ ਏਕੁ ਰਮਈਆ ਲੈਹਉ ॥

ਮੈਂ ਕੇਵਲ ਉਸ ਇਕ ਸਰਬਵਿਆਪੀ ਸਤਾ ਨੂੰ ਹੀ ਆਪਣਾ ਆਸਰਾ ਬਣਾਵਾਂਗਾ। ਇਹ ਭਾਵ ਇਕ-ਚਿੱਤ ਧਿਆਨ ਅਤੇ ਆਪਣੇ ਏਕੀਕ੍ਰਿਤ ਸਰੂਪ ਨਾਲ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਹੈ।

ਆਨ ਦੇਵ ਬਦਲਾਵ ਨਿ ਦੈਹਉ ॥੧॥ ਰਹਾਉ ॥

ਮੈਂ ਕਿਸੇ ਵੀ ਪੂਜਨੀਯ ਹਸਤੀ ਦੇ ਬਦਲੇ ਇਸ ਦਾ ਵਪਾਰ ਨਹੀਂ ਕਰਾਂਗਾ। ਇਹ ਫ਼ੈਸਲਾ ਉਸ ਅਡੋਲ ਇਨਕਾਰ ਨੂੰ ਦਰਸਾਉਂਦਾ ਹੈ ਜਿਸ ਵਿਚ ਅਨੰਤ ਪੂਰਨਤਾ ਦੀ ਥਾਂ ਦਿਖਾਵਟੀ ਤਾਕਤਾਂ, ਡਰ 'ਅਤੇ ਉਮੀਦਾਂ ਦੀ ਆਸ ਵਿਚ ਕੋਈ ਵੀ ਸਮਝੋਤਾ ਨਹੀਂ ਕੀਤਾ ਜਾਂਦਾ। (੧)(ਠਹਿਰਾਉ)

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥

"ਸ਼ਿਵ, ਸ਼ਿਵ" ਜਪਣਾ ਜੋ ਵਿਨਾਸ਼ਕਾਰੀ ਅਤੇ ਰੁਪਾਂਤ੍ਰਿਕ ਸ਼ਕਤੀ ਦਾ ਪ੍ਰਤੀਕ ਹੈ, ਉਹ ਜਿਹੜੇ ਇਸ ਤਰ੍ਹਾਂ ਧਿਆਨ ਧਰਦੇ ਹਨ। ਇਹ ਭਾਵ ਕਰਮਕਾਂਡੀ ਰਸਮੀ ਦੁਹਰਾਵ ਅਤੇ ਰੂਹਾਨੀਅਤ ਦੇ ਬਾਹਰੀ ਸਰੂਪ ਵਿਚ ਫਸ ਜਾਣ ਵਾਲੀ ਸਥਿਤੀ ਬਾਰੇ ਦਰਸਾਉਂਦਾ ਹੈ।

ਬਰਦ ਚਢੇ ਡਉਰੂ ਢਮਕਾਵੈ ॥੨॥

ਬਲਦ 'ਤੇ ਸਵਾਰ ਹੋ ਕੇ, ਉਹ ਢਮਰੂ ਵਜਾਉਂਦੇ ਹਨ। ਇਹ ਉਸ ਅਗਿਆਨਤਾ ਦਾ ਪ੍ਰਤੀਕ ਹੈ, ਜੋ ਰੂਹਾਨੀਅਤ ਨੂੰ ਅੰਤਰੀਵੀ ਚੁੱਪ ਦੀ ਬਜਾਏ ਬਾਹਰੀ ਪ੍ਰਦਰਸ਼ਨ ਨਾਲ ਜੋੜਦੀ ਹੈ। (੨)

ਮਹਾ ਮਾਈ ਕੀ ਪੂਜਾ ਕਰੈ ॥

ਉਹ ਜਿਹੜੇ ਮਹਾ ਮਾਈ ਦੀ ਪੂਜਾ ਕਰਦੇ ਹਨ, ਜੋ ਕਿ ਭਰਮ ਦੀ ਸਰੋਤ ਹੈ। ਇਹ ਮਿਥਿਹਾਸਕ ਦੇਵੀ ਭਰਮ ਦੀ ਉਸ ਖੇਡ ਨੂੰ ਦਰਸਾਉਂਦੀ ਹੈ ਜੋ ਭੌਤਿਕ ਸੰਸਾਰ ਨੂੰ ਅਸਲੀ ਦਿਖਾਉਂਦੀ ਹੈ ਅਤੇ ਨਾਲ ਹੀ ਇਸਨੂੰ ਭਰਮ ਦੇ ਰੂਪ ਵਿਚ ਪ੍ਰਗਟ ਕਰਨ ਦੀ ਸ਼ਕਤੀ ਵੀ ਰੱਖਦੀ ਹੈ।

ਨਰ ਸੈ ਨਾਰਿ ਹੋਇ ਅਉਤਰੈ ॥੩॥

ਉਹ ਮਰਦਾਂ ਅਤੇ ਔਰਤਾਂ ਦੇ ਰੂਪ ਵਿਚ ਇਕੋ ਜਿਹੇ ਪ੍ਰਗਟ ਹੁੰਦੇ ਹਨ। ਇਹ ਭਰਮ ਦੇ ਉਸ ਪ੍ਰਭਾਵ ਵੱਲ ਇਸ਼ਾਰਾ ਕਰਦਾ ਹੈ ਜੋ ਏਕਤਾ ਵਿਚ ਦਵੈਤ ਪੈਦਾ ਕਰਦਾ ਹੈ, ਅਸੀਂ ਮਰਦ ਅਤੇ ਔਰਤ ਨੂੰ ਵੱਖਰੀਆਂ ਪਛਾਣਾਂ ਵਜੋਂ ਪਛਾਣਦੇ ਹਾਂ, ਜਦੋਂ ਕਿ ਇਹ ਜਾਣਦੇ ਹੋਏ ਕਿ ਦੋਵੇਂ ਇਕੋ ਸਤਾ ਤੋਂ ਉਤਪੰਨ ਹੁੰਦੇ ਹਨ। (੩)

ਤੂ ਕਹੀਅਤ ਹੀ ਆਦਿ ਭਵਾਨੀ ॥

ਤੁਹਾਨੂੰ ਆਦਿ ਭਵਾਨੀ, ਜੀਵਨ ਦਾ ਸੋਮਾ ਕਿਹਾ ਜਾਂਦਾ ਹੈ। ਇਹ ਮਿਥਿਹਾਸਕ ਦੇਵਤਾ ਸਾਡੇ ਜਨਮਜਾਤ ਗੁਣਾਂ ਨੂੰ ਪਾਲਣ-ਪੋਸ਼ਣ ਵਾਲੀ ਊਰਜਾ ਵਜੋਂ ਦਰਸਾਉਂਦਾ ਹੈ ਜੋ ਰੂਹਾਨੀ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ।

ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥

ਤੁਸੀਂ ਮੁਕਤੀ ਦੇ ਪਲ ਨੂੰ ਕਿੱਥੇ ਲੁਕਾਇਆ ਹੈ? ਇਹ ਸਵਾਲ ਸਾਧਕ ਦੀ ਉਸ ਯਾਤਰਾ ਨੂੰ ਦਰਸਾਉਂਦਾ ਹੈ ਜਿਸ ਵਿਚ ਹੋਂਦ ਦੇ ਭਰਮਾਂ ਤੋਂ ਉੱਪਰ ਉੱਠਣ ਦੀ ਸੂਝ ਬਾਰੇ ਵਿਚਾਰ ਕੀਤੀ ਜਾਂਦੀ ਹੈ। (੪)

ਗੁਰਮਤਿ ਰਾਮ ਨਾਮ ਗਹੁ ਮੀਤਾ ॥

ਪਿਆਰੇ ਸਾਥੀ ਜੀਓ ਰੂਹਾਨੀ ਸੂਝ ਤੋਂ ਪ੍ਰਾਪਤ ਬੌਧਿਕਤਾ ਦੁਆਰਾ, ਸਰਬ ਵਿਆਪਕ ਏਕਤਾ 'ਤੇ ਵਿਚਾਰ ਕਰਨ ਦਾ ਅਭਿਆਸ ਕਰੋ। ਇਹ ਭਾਵ ਏਕਮ ਪਰਮ ਸਤਾ ਦਾ ਅਨੁਭਵ ਕਰਨ ਲਈ ਸਭ ਤੋਂ ਪ੍ਰਮਾਣਿਕ ਵਿਧੀ ਵਜੋਂ ਆਪਣੀ ਅਤੰਰੀਵੀ ਰਾਹਨੁਮਾਈ 'ਤੇ ਭਰੋਸਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ।

ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

ਨਾਮਦੇਵ ਨਿਮਰਤਾ ਨਾਲ ਕਹਿੰਦੇ ਹਨ ਕਿ ਇਹੀ ਉਹੀ ਹੈ ਜੋ ਪਵਿੱਤਰ ਗ੍ਰੰਥ, ਗੀਤਾ, ਵਿਆਖਿਆ ਕਰਦੀ ਹੈ। ਇਹ ਭਾਵ ਪੁਸ਼ਟੀ ਕਰਦਾ ਹੈ ਕਿ ਸਰਬਵਿਆਪੀ ਏਕਤਾ ਦੀ ਪ੍ਰਾਪਤੀ ਹੀ ਪਰਮ ਰੂਹਾਨੀ ਬਿਬੇਕ ਹੈ। (੫)(੨)(੬)

ਤੱਤ: ਭਗਤ ਨਾਮਦੇਵ ਦੱਸਦੇ ਹਨ ਕਿ ਮਨ ਕਿੰਨੀ ਆਸਾਨੀ ਨਾਲ ਕਰਮਕਾਂਡਾ ਅਤੇ ਪ੍ਰਤੀਕਾਂ ਦੁਆਰਾ ਮੋਹਿਤ ਹੋ ਜਾਂਦਾ ਹੈ, ਜੋ ਨਿਰਭਰਤਾ ਦੀਆਂ ਵਸਤੂਆਂ ਬਣ ਸਕਦੇ ਹਨ। ਇਹ ਮੋਹ ਅਕਸਰ ਅਗਿਆਨਤਾ ਤੋਂ ਪੈਦਾ ਹੁੰਦਾ ਹੈ, ਕਿਉਂਕਿ ਲੋਕ ਪ੍ਰਤੀਕਾਂ ਨੂੰ ਹੀ ਰੁਪਾਂਤ੍ਰਣ ਦੇ ਮਾਧਿਅਮ ਵਜੋਂ ਅਭਿਆਸ ਕਰਨ ਦੀ ਗਲਤੀ ਕਰਦੇ ਹਨ। ਭਗਤ ਨਾਮਦੇਵ ਇਸ ਮਾਨਸਿਕਤਾ ਨੂੰ ਚੁਣੌਤੀ ਦਿੰਦੇ ਹੋਏ ਪੁੱਛਦੇ ਹਨ ਕਿ ਕੀ ਇਹ ਰਸਮਾਂ ਸੱਚਮੁੱਚ ਮੁਕਤੀ ਦਿਵਾ ਸਕਦੀਆਂ ਹਨ। ਅਸਲ ਆਜ਼ਾਦੀ ਲਈ ਬਿਬੇਕ ਰਾਹੀਂ ਪ੍ਰਾਪਤ ਹੋਣ ਵਾਲੀ ਏਕਤਾ ਲਈ ਗੰਭੀਰ, ਵਧੇਰੇ ਆਤਮ-ਪੜਚੋਲ ਕਰਨ ਵਾਲੀ ਵਚਨਬੱਧਤਾ ਦੀ ਲੋੜ ਹੁੰਦੀ ਹੈ। ਇਸ ਸੰਬੰਧ ਵਿਚ, ਬਾਹਰੀ ਰੂਪਾਂ ਦੀ ਬੇਚੈਨ ਖੋਜ ਸ਼ਾਂਤ ਹੋਣ ਲੱਗਦੀ ਹੈ, ਜੋ ਸੱਚੀ ਰੂਹਾਨੀ ਸੂਝ ਵੱਲ ਸੇਧਿਤ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**